# ਵਾਕ ਇੰਨ ਇੰਟਰਵਿਊ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਨੂੰ ਸੰਸਥਾ ਅਧੀਨ ਆਉਂਦੇ ਭਾਈ ਨਗਾਹੀਆ ਸਿੰਘ ਜੀ ਖਾਲਸਾ ਪਬਲਿਕ ਸਕੂਲ, ਗੁ: ਸ੍ਰੀ ਮੰਜੀ ਸਾਹਿਬ, ਆਲਮਗੀਰ, ਲੁਧਿਆਣਾ ਲਈ 03 ਅਧਿਆਪਕ ਅਤੇ ਸੰਸਥਾ ਅਧੀਨ ਆਉਂਦੇ ਹੋਰ ਵਿਦਿਆਲਿਆਂ ਵਿਖੇ ਲੋੜੀਂਦੇ ਸਟਾਫ਼ ਦੀ ਜ਼ਰੂਰਤ ਹੈ। ਅਸਾਮੀਆਂ ਦੀ ਜਾਣਕਾਰੀ, ਯੋਗਤਾ ਅਤੇ ਅਰਜੀ ਫਾਰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ www.sgpc.net 'ਤੇ ਉਪਲੱਬਧ ਹੈ। ਇੰਟਰਵਿਊ ਦੇਣ ਦੇ ਇਛੁੱਕ ਉਮੀਦਵਾਰ ਅਰਜੀ ਫਾਰਮ, ਯੋਗਤਾ ਅਤੇ ਅੰਮ੍ਰਿਤ ਛਕੇ ਦੇ ਅਸਲ ਸਰਟੀਫਿਕੇਟਾਂ ਅਤੇ ਇਹਨਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਲੈ ਕੇ ਮਿਤੀ 17/12/18 ਨੂੰ ਸਵੇਰੇ 9:00 ਵਜੇ ਗੁ: ਸ੍ਰੀ ਮੰਜੀ ਸਾਹਿਬ, ਆਲਮਗੀਰ (ਲੁਧਿਆਣਾ) ਵਿਖੇ ਵਾਕ ਇੰਨ ਇੰਟਰਵਿਊ 'ਤੇ ਸਮੇਂ ਸਿਰ ਪਹੁੰਚ ਜਾਣ। ਇੰਟਰਵਿਊ 'ਤੇ ਸਮੇਂ ਸਿਰ ਨਾ ਪੁੱਜਣ ਦੀ ਸੂਰਤ ਵਿੱਚ ਇੰਟਰਵਿਊ ਨਹੀਂ ਲਈ ਜਾਵੇਗੀ। ਨਿਮਨਹਸਤਾਖਰੀ ਪਾਸ ਇੰਟਰਵਿਊ ਰੱਦ/ਮੁਲਤਵੀ ਕਰਨ ਦਾ ਅਧਿਕਾਰ ਰਾਖਵਾਂ ਹੈ।

**ਸਕੱਤਰ(ਪ੍ਰ.),**
ਸ਼੍ਰੋਮਣੀ ਗੁ: ਪ੍ਰ: ਕਮੇਟੀ।

**ਅਸਾਮੀਆਂ/ਅਸਥਾਨ/ਯੋਗਤਾਵਾਂ/ਜ਼ਰੂਰੀ ਹਦਾਇਤਾਂ ਅਤੇ ਅਸਾਮੀਆਂ ਲਈ ਫ਼ਾਰਮ**

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ:ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ਨੂੰ ਹੇਠ ਲਿਖੇ ਅਨੁਸਾਰ ਅਸਾਮੀਆਂ ਦੀ ਜ਼ਰੂਰਤ ਹੈ:-

**ਵਾਕ ਇੰਨ ਇੰਟਰਵਿਊ ਮਿਤੀ 17/12/18**

(ਸੰਪਰਕ ਨੰ: 0183-2553957, ..58, ..59 EX. 307)

(ਸਮਾਂ ਸਵੇਰੇ 9:00 ਵਜੇ)

| ਲੜੀ | ਸਥਾਨ ਦਾ ਨਾਮ | ਅਸਾਮੀਆਂ |
|---|---|---|
| 1. | ਭਾਈ ਨਗਾਹੀਆ ਸਿੰਘ ਜੀ ਖਾਲਸਾ ਪਬਲਿਕ ਸਕੂਲ (ਗੂੰਗੇ ਅਤੇ ਬੋਲਿਆਂ ਦੀ ਸੰਸਥਾ) ਗੁ: ਸ੍ਰੀ ਮੰਜੀ ਸਾਹਿਬ, ਆਲਮਗੀਰ (ਲੁਧਿਆਣਾ) | 03 ਅਧਿਆਪਕ |
| 2. | ਸ੍ਰ.ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ, ਕਾਲਾ-ਮੱਲ੍ਹਾ, ਛਾਪਾ (ਬਰਨਾਲਾ)। | 01 ਸੰਗੀਤ ਅਧਿਆਪਕ, 01 ਸਫਾਈ ਸੇਵਾਦਾਰ |
| 3. | ਸ੍ਰੀ ਗੁਰੂ ਰਾਮਦਾਸ ਗੁਰਮਤਿ ਸੰਗੀਤ ਵਿਦਿਆਲਾ, ਰੇਲਵੇ ਕਲੋਨੀ ਰੋਜ਼ਾ, ਸ਼ਾਹਜਹਾਨਪੁਰ (ਯੂ.ਪੀ.) | 01 ਤਬਲਾ ਅਧਿਆਪਕ, 01 ਸਫਾਈ ਸੇਵਾਦਾਰ |
| 4. | ਸ੍ਰੀ ਗੁਰੂ ਨਾਨਕ ਦੇਵ ਗੁਰਮਤਿ ਵਿਦਿਆਲਾ, ਗੁ: ਗੁਰੂ ਨਾਨਕ ਸਾਹਿਬ ਰਾਵਾਂ ਭਾਟਾਂ ਬਿਲਾਸਪੁਰ ਰੋਡ, ਰਾਇਪੁਰ (ਛੱਤੀਸਗੜ੍ਹ) | 01 ਲਾਂਗਰੀ |

**ਜ਼ਰੂਰੀ ਹਦਾਇਤਾਂ:-**

1. ਉਕਤ ਸਟਾਫ਼ ਕੰਟਰੈਕਟ ਬੇਸ ਪੁਰ ਇੱਕ ਸਾਲ ਲਈ ਰੱਖਿਆ ਜਾਵੇਗਾ। ਅੱਗੋਂ ਕਰਮਚਾਰੀ ਦੇ ਕੰਮ ਨੂੰ ਧਿਆਨ ਵਿੱਚ ਰੱਖਦੇ ਹੋਏ ਲੋੜ ਅਨੁਸਾਰ ਕੰਟਰੈਕਟ ਸਮੇਂ ਵਿੱਚ ਵਾਧਾ ਕੀਤਾ ਜਾਵੇਗਾ।
2. ਅਰਜ਼ੀ ਫਾਰਮ ਨਾਲ ਇੱਕ ਪਾਸਪੋਰਟ ਸਾਈਜ਼ ਰੰਗਦਾਰ ਫੋਟੋ ਲੈ ਕੇ ਆਉਣੀ ਜ਼ਰੂਰੀ ਹੈ।
3. ਅਰਜ਼ੀ ਫਾਰਮ ਪੁਰ ਪੋਸਟ 'ਤੇ ਸਥਾਨ ਦਾ ਨਾਮ ਸਪੱਸ਼ਟ ਰੂਪ ਵਿੱਚ ਲਿਖਿਆ ਜਾਵੇ ਅਤੇ ਅਰਜ਼ੀ ਫਾਰਮ ਨੂੰ ਪੂਰਾ ਭਰਿਆ ਜਾਵੇ।
4. ਸਿੱਖ ਉਮੀਦਵਾਰ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ। ਗੂੰਗੇ ਅਤੇ ਬੋਲਿਆਂ ਦੀ ਸੰਸਥਾ ਵਿਖੇ ਰੱਖੇ ਜਾਣ ਵਾਲੇ ਅਧਿਆਪਕ ਦਾ ਅੰਮ੍ਰਿਤਧਾਰੀ ਜਾਂ ਸਿੱਖ ਉਮੀਦਵਾਰ ਹੋਣਾ ਲਾਜ਼ਮੀ ਹੋਵੇਗਾ। ਸਿੱਖ ਉਮੀਦਵਾਰ ਪਤਿਤ ਨਾ ਹੋਵੇ। ਉਕਤ ਖੇਤਰ ਵਿੱਚ ਕੰਮ ਰਹੇ ਅਤੇ ਤਜਰਬਾ ਰੱਖਣ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ।
5. ਸਫਾਈ ਸੇਵਾਦਾਰ ਦੀ ਪੋਸਟ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਨਹੀਂ। ਸਾਬਤ ਸੂਰਤ ਸਿੱਖ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ।
6. ਲੋੜ ਨੂੰ ਮੁੱਖ ਰੱਖਦਿਆਂ ਅਸਾਮੀਆਂ ਦੀ ਗਿਣਤੀ ਵਧ-ਘਟ ਸਕਦੀ ਹੈ।
7. ਨਿਮਨਹਸਤਾਖਰੀ ਪਾਸ ਇੰਟਰਵਿਊ ਰੱਦ/ਮੁਲਤੱਵੀ ਕਰਨ, ਰੱਖੇ ਜਾਣ ਵਾਲੇ ਸਟਾਫ਼ ਦੀ ਗਿਣਤੀ ਘਟਾਉਣ-ਵਧਾਉਣ ਦਾ ਅਧਿਕਾਰ ਰਾਖਵਾਂ ਹੈ।
8. **ਅਸਾਮੀਆਂ ਲਈ ਉਮੀਦਵਾਰ ਦੀ ਉਮਰ ਮਿਤੀ 15-12-18 ਤੀਕ 21 ਸਾਲ ਤੋਂ ਘੱਟ ਨਾ ਹੋਵੇ।**
9. ਸਰਟੀਫਿਕੇਟ ਅਤੇ ਲੋੜੀਂਦੇ ਦਸਤਾਵੇਜ ਨਾ ਲੈ ਕੇ ਆਉਣ 'ਤੇ ਇੰਟਰਵਿਊ ਸਮੇਂ ਲੇਟ ਆਉਣ ਦੀ ਸੂਰਤ ਵਿੱਚ ਇੰਟਰਵਿਊ ਨਹੀਂ ਲਈ ਜਾਵੇਗੀ।

**ਅਸਾਮੀਆਂ ਲਈ ਯੋਗਤਾਵਾਂ:-**

1. ਅਧਿਆਪਕ (ਗੂੰਗੇ ਅਤੇ ਬੋਲਿਆਂ ਦੀ ਸੰਸਥਾ ਲਈ) -------- ਗ੍ਰੈਜੂਏਟ ਹੋਵੇ, ਇਸ਼ਾਰਿਆਂ ਦੀ ਭਾਸ਼ਾ ਜਾਣਦਾ ਹੋਵੇ ਅਤੇ ਘੱਟੋ-ਘੱਟ 01 ਸਾਲ ਡੈਫ਼ ਬੱਚਿਆਂ ਨੂੰ ਪੜਾਉਣ ਦਾ ਤਜਰਬਾ ਹੋਵੇ।
2. ਸੰਗੀਤ ਅਧਿਆਪਕ ---------------------------- ਐਮ.ਏ.ਸੰਗੀਤ, ਸੰਗੀਤ ਵਿਦਿਆਲੇ ਤੋਂ ਡਿਪਲੋਮਾ ਪਾਸ ਅਤੇ ਰਾਗਾਂ ਦੇ ਅਧਾਰਿਤ 03 ਸਾਲ ਗੁਰਮਤਿ ਸੰਗੀਤ ਸਿਖਾਉਣ ਦਾ ਤਜਰਬਾ ਹੋਵੇ ਜਾਂ 10+2 ਅਤੇ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ ਮਿਸ਼ਨਰੀ ਕਾਲਜ ਤੋਂ ਸੰਗੀਤ ਦੇ ਡਿਪਲੋਮੇ ਸਮੇਤ 05 ਸਾਲ ਸੰਗੀਤ ਸਿਖਾਉਣ ਦਾ ਤਜਰਬਾ ਹੋਵੇ।
3. ਤਬਲਾ ਅਧਿਆਪਕ ---------------------------- ਐਮ.ਏ.ਤਬਲਾ, ਸੰਗੀਤ ਵਿਦਿਆਲੇ ਤੋਂ ਡਿਪਲੋਮਾ ਪਾਸ ਅਤੇ 03 ਸਾਲ ਤਬਲਾ ਸਿਖਾਉਣ ਦਾ ਤਜਰਬਾ ਹੋਵੇ ਜਾਂ 10+2 ਅਤੇ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ ਮਿਸ਼ਨਰੀ ਕਾਲਜ ਤੋਂ ਤਬਲੇ ਦੇ ਡਿਪਲੋਮੇ ਸਮੇਤ 05 ਸਾਲ ਤਬਲਾ ਸਿਖਾਉਣ ਦਾ ਤਜਰਬਾ ਹੋਵੇ।
4. ਲਾਂਗਰੀ ------------------------------------ ਪੰਜ ਸਾਲ ਲੰਗਰ ਵਿੱਚ ਕੰਮ ਕਰਨ ਦਾ ਤਜਰਬਾ ਹੋਵੇ।
5. ਸੇਵਾਦਾਰ ਸਫ਼ਾਈ------------------------------ ਪੰਜਾਬੀ ਪੜ੍ਹ ਲਿਖ ਸਕਦਾ ਹੋਵੇ।

ਸਹੀ/-
**ਸਕੱਤਰ(ਪ੍ਰ.),**
ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ।

# ਵਾਕ ਇੰਨ ਇੰਟਰਵਿਊ ਮਿਤੀ 17/12/2018

## (ਪ੍ਰੋਫਾਰਮਾ)

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ)
(ਸ੍ਰੀ ਅੰਮ੍ਰਿਤਸਰ ਸਾਹਿਬ)

**ਅਸਾਮੀ:** ______________________ **ਸਥਾਨ:** ______________________________________

ਰੰਗਦਾਰ ਫੋਟੋ

1.ਨਾਮ : ______________________________________

2.ਪਿਤਾ ਦਾ ਨਾਮ : ______________________________________

3.ਜਨਮ ਤਾਰੀਖ਼ : ______________________________________

4.ਮਕਾਨ ਨੰ:/ਪਿੰਡ: ______________________________________

ਗਲੀ:ਨੰ:/ਡਾਕਘਰ/ ਤਹਿ: __________________________________

ਸ਼ਹਿਰ/ਜਿਲ੍ਹਾ/ਸਟੇਟ: ______________________________________

ਪਿੰਨ ਕੋਡ: ______________________________________

5.ਮੋਬਾਈਲ/ਲੈਂਡਲਾਈਨ ਨੰ: _________________________________

6.ਈ.ਮੇਲ : _____________________________

7.ਅਧਾਰ ਕਾਰਡ ਨੰ: ________________________

8.ਵਿਦਿਅਕ ਯੋਗਤਾ:-

| ਸੀ:ਨੰ: | ਯੋਗਤਾ | ਸਾਲ | ਬੋਰਡ/ਯੂਨੀਵਰਸਿਟੀ | ਪ੍ਰਾਪਤ/ਕੁੱਲ ਅੰਕ | % ਅੰਕ |
|---|---|---|---|---|---|
| 1. | ਮੈਟ੍ਰਿਕ | | | | |
| 2. | 10+2 | | | | |
| 3. | ਬੀ.ਏ. | | | | |
| 4. | ਐਮ.ਏ. | | | | |
| 5. | ਮਿਸ਼ਨਰੀ ਡਿਪਲੋਮਾ | | | | |
| 6. | ਵਧੇਰੇ ਯੋਗਤਾ:- | | | | |
| 7. | | | | | |
| 8. | | | | | |
| 9. | | | | | |
| 10. | | | | | |

9. ਤਜਰਬਾ:- ______________________________________________________________

______________________________________________________________________

10. ਵਧੇਰੇ ਯੋਗਤਾ ਅਤੇ ਪ੍ਰਾਪਤੀਆਂ:- ____________________________________________

______________________________________________________________________

ਉਪਰੋਕਤ ਜਾਣਕਾਰੀ ਵਿੱਚ ਮੈਂ ਕਿਸੇ ਕਿਸਮ ਦੀ ਕੋਈ ਗੱਲ ਲੁਕਾ ਕੇ ਨਹੀਂ ਰੱਖੀ। ਜੇਕਰ ਮੇਰੇ ਵੱਲੋਂ ਦਿੱਤੀ ਉਕਤ ਜਾਣਕਾਰੀ ਗਲਤ ਸਾਬਿਤ ਹੋਵੇ ਤਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਆਪਣੇ ਨਿਯਮਾਂ ਅਨੁਸਾਰ ਮੇਰੇ ਵਿਰੁੱਧ ਕਾਰਵਾਈ ਕਰ ਸਕਦੀ ਹੈ। ਮੈਨੂੰ ਕਿਸੇ ਕਿਸਮ ਦਾ ਕੋਈ ਉਜਰ ਨਹੀਂ ਹੋਵੇਗਾ।

ਦਰਖਾਸਤ ਕਰਤਾ

ਮਿਤੀ ___________

ਨੱਥੀ (ਤਸਦੀਕ ਕੀਤੇ ਹੋਏ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ)

- :
- :
- :
- :
- :
- :

(ਇੱਕ ਰੰਗਦਾਰ ਫੋਟੋ ਵੱਖਰੇ ਤੌਰ 'ਤੇ ਪ੍ਰੋਫਾਰਮੇ ਨਾਲ ਨੱਥੀ ਕੀਤੀ ਜਾਵੇ, ਪ੍ਰੋਫਾਰਮਾਂ ਕੇਵਲ ਪੰਜਾਬੀ ਵਿੱਚ ਸਾਫ-ਸਾਫ ਅੱਖਰਾਂ ਵਿੱਚ ਭਰਿਆ ਜਾਵੇ, ਕਟਿੰਗ ਕੀਤੇ ਹੋਏ ਪ੍ਰੋਫਾਰਮੇ ਸਵੀਕਾਰ ਨਹੀਂ ਕੀਤੇ ਜਾਣਗੇ)